Punjabi | ਪੰਜਾਬੀ

# ਆਪਣੇ ਊਰਜਾ ਬਿੱਲਾਂ 'ਤੇ ਜਲਦੀ ਬੱਚਤ ਕਰੋ

**ਸਰਕਾਰੀ ਇੰਸੈਂਟਿਵ ਉਪਲਬਧ ਹਨ ਜੋ ਤੁਹਾਨੂੰ ਬਿਜਲੀ ਨਾਲ ਚੱਲਣ ਵਾਲੇ ਯੰਤਰ ਵਰਤਣ ਅਤੇ ਊਰਜਾ ਬਿੱਲਾਂ 'ਤੇ ਪ੍ਰਤੀ ਸਾਲ $1,900 ਤੱਕ, ਜਾਂ ਜੇਕਰ ਤੁਹਾਡੇ ਕੋਲ ਸੋਲਰ ਪੈਨਲ ਹਨ ਤਾਂ $2,230 ਤੱਕ ਦੀ ਬੱਚਤ ਕਰਨ ਵਿੱਚ ਮਦਦ ਕਰ ਸਕਦੇ ਹਨ।**

| ਉਤਪਾਦ | ਸ਼ੁਰੂਆਤੀ ਬੱਚਤ | ਊਰਜਾ ਬੱਚਤ* | ਇੰਸੈਂਟਿਵ |
|---|---|---|---|
| **ਛੱਤ ਵਾਲਾ ਸੋਲਰ (PV)** | ਜੇਕਰ ਤੁਸੀਂ ਆਪਣੇ ਰਹਿਣ ਵਾਲੇ ਘਰ, ਨਵੇਂ ਬਣ ਰਹੇ ਘਰਾਂ ਜਾਂ ਕਿਰਾਏ ਵਾਲੇ ਘਰਾਂ ਲਈ ਛੱਤ ਵਾਲਾ ਸੋਲਰ ਖ਼ਰੀਦਦੇ ਅਤੇ ਲਗਾਉਂਦੇ ਹੋ, ਤਾਂ $2,800 ਤੱਕ ਦੀ ਬੱਚਤ ਹੋ ਸਕਦੀ ਹੈ | ਉਪਕਰਨ ਚਲਾਉਣ ਅਤੇ ਬਿਜਲੀ ਦੇ ਰਿਟੇਲ ਖ਼ਰਚਿਆਂ ਤੋਂ ਬਚਣ ਲਈ ਸੂਰਜੀ ਊਰਜਾ ਦੀ ਵਰਤੋਂ ਕਰਨ 'ਤੇ ਪ੍ਰਤੀ ਸਾਲ $1,000 ਤੱਕ ਦੀ ਬੱਚਤ ਕਰੋ | • ਵਿਆਜ-ਮੁਕਤ ਲੋਨ ਨਾਲ ਸੋਲਰ ਵਿਕਟੋਰੀਆ ਸੋਲਰ ਪੈਨਲ (PV) ਛੋਟ<br>• ਵਿਆਜ-ਮੁਕਤ ਲੋਨ ਨਾਲ ਕਿਰਾਏ ਵਾਲੇ ਘਰਾਂ ਲਈ ਸੋਲਰ ਵਿਕਟੋਰੀਆ ਸੋਲਰ<br>• ਅਪਾਰਟਮੈਂਟਾਂ ਲਈ ਸੋਲਰ ਵਿਕਟੋਰੀਆ ਸੋਲਰ ਛੋਟ |
| **ਊਰਜਾ ਕੁਸ਼ਲ ਗਰਮ ਪਾਣੀ ਵਾਲੇ ਹੀਟਰ** | ਜੇਕਰ ਤੁਸੀਂ ਸਥਾਨਕ ਤੌਰ 'ਤੇ ਬਣਿਆ ਪਾਣੀ ਗਰਮ ਕਰਨ ਵਾਲਾ ਹੀਟਰ ਖ਼ਰੀਦਦੇ ਅਤੇ ਲਗਾਉਂਦੇ ਹੋ, ਤਾਂ $1,960 ਤੱਕ ਦੀ ਬੱਚਤ ਹੋ ਸਕਦੀ ਹੈ, ਜਾਂ ਜੇਕਰ ਤੁਸੀਂ ਹੋਰ ਕੋਈ ਸਿਸਟਮ ਚੁਣਦੇ ਹੋ ਤਾਂ $1,630 ਤੱਕ ਦੀ ਬੱਚਤ ਹੋ ਸਕਦੀ ਹੈ | ਜਦੋਂ ਤੁਸੀਂ ਗੈਸ ਦੀ ਥਾਂ ਬਿਜਲੀ-ਕੁਸ਼ਲ ਪਾਣੀ ਗਰਮ ਕਰਨ ਵਾਲਾ ਹੀਟਰ ਲਗਾਉਂਦੇ ਹੋ, ਤਾਂ ਸਾਲਾਨਾ $400 ਤੱਕ ਦੀ ਬੱਚਤ ਹੋ ਸਕਦੀ ਹੈ | • ਸੋਲਰ ਵਿਕਟੋਰੀਆ ਗਰਮ ਪਾਣੀ ਵਾਲੇ ਹੀਟਰ ਦੀ ਛੋਟ<br>• ਵਿਕਟੋਰੀਆ ਊਰਜਾ ਅੱਪਗ੍ਰੇਡ ਗਰਮ ਪਾਣੀ ਵਾਲੇ ਹੀਟਰ ਦੀਆਂ ਛੋਟਾਂ |
| **ਰਿਵਰਸ ਸਾਈਕਲ ਏਅਰ-ਕੰਡੀਸ਼ਨਰ** | ਜਦੋਂ ਤੁਸੀਂ ਗੈਸ ਹੀਟਰ ਬਦਲਦੇ ਹੋ ਤਾਂ $1,610 ਤੱਕ ਜਾਂ ਜਦੋਂ ਤੁਸੀਂ ਗੈਸ ਡਕਟਡ ਹੀਟਰ ਬਦਲਦੇ ਹੋ ਤਾਂ $5,530 ਤੱਕ ਦੀ ਬੱਚਤ ਕਰ ਸਕਦੇ ਹੋ | ਜਦੋਂ ਤੁਸੀਂ ਗੈਸ ਹੀਟਰ ਬਦਲਦੇ ਹੋ ਤਾਂ ਸਾਲਾਨਾ $460 ਤੱਕ ਜਾਂ ਜਦੋਂ ਤੁਸੀਂ ਗੈਸ ਡਕਟਡ ਹੀਟਰ ਬਦਲਦੇ ਹੋ ਤਾਂ $1,140 ਤੱਕ ਦੀ ਸਾਲਾਨਾ ਬੱਚਤ ਕਰ ਸਕਦੇ ਹੋ | • ਵਿਕਟੋਰੀਅਨ ਐਨਰਜੀ ਅੱਪਗ੍ਰੇਡ ਹੀਟਿੰਗ ਅਤੇ ਕੂਲਿੰਗ ਛੋਟਾਂ |
| **ਇੰਡਕਸ਼ਨ ਕੁੱਕਟੌਪ** | ਮੌਜੂਦਾ ਗੈਸ ਕੁੱਕਟੌਪ ਨੂੰ ਬਦਲਣ ਲਈ $140 ਤੱਕ ਦੀ ਬੱਚਤ | ਜੇਕਰ ਖਾਣਾ ਪਕਾਉਣ ਵਾਲਾ ਉਪਕਰਨ ਤੁਹਾਡਾ ਆਖਰੀ ਗੈਸ ਉਪਕਰਨ ਹੈ ਅਤੇ ਤੁਸੀਂ ਗੈਸ ਕਨੈਕਸ਼ਨ ਨੂੰ ਬੰਦ ਕਰ ਦੇਵੋਗੇ, ਤਾਂ ਸਪਲਾਈ ਚਾਰਜਾਂ ਵਿੱਚ ਸਾਲਾਨਾ $360 ਤੱਕ ਦੀ ਬੱਚਤ ਹੋ ਸਕਦੀ ਹੈ | • ਵਿਕਟੋਰੀਅਨ ਐਨਰਜੀ ਅੱਪਗ੍ਰੇਡ ਇੰਡਕਸ਼ਨ ਕੁੱਕਟੌਪ ਛੋਟ |
| **ਕੱਪੜੇ ਸੁਕਾਉਣ ਵਾਲੀਆਂ ਮਸ਼ੀਨਾਂ, ਫ੍ਰਿਜ, ਫ੍ਰੀਜ਼ਰ ਅਤੇ ਟੈਲੀਵਿਜ਼ਨ** | ਜਦੋਂ ਤੁਸੀਂ ਬਿਜਲੀ-ਕੁਸ਼ਲ ਉਪਕਰਨ ਖ਼ਰੀਦਦੇ ਹੋ ਤਾਂ $70 ਤੱਕ ਦੀ ਬੱਚਤ ਹੋ ਸਕਦੀ ਹੈ | ਜਦੋਂ ਇਨ੍ਹਾਂ ਨੂੰ ਸੋਲਰ (PV) ਸਿਸਟਮ ਨਾਲ ਵਰਤਿਆ ਜਾਂਦਾ ਹੈ, ਤਾਂ ਬਿਜਲੀ ਬਚਾਉਣ ਵਾਲੇ ਉਪਕਰਨ ਬਿਜਲੀ ਦੇ ਬਿੱਲਾਂ ਵਿੱਚ ਸਾਲਾਨਾ $1,000 ਤੱਕ ਦੀ ਬੱਚਤ ਕਰਨ ਵਿੱਚ ਮਦਦ ਕਰ ਸਕਦੇ ਹਨ | • ਵਿਕਟੋਰੀਅਨ ਐਨਰਜੀ ਅੱਪਗ੍ਰੇਡ ਉਪਕਰਨ ਛੋਟ |
| **ਮੌਸਮੀ ਸੀਲਿੰਗ ਅਤੇ ਖਿੜਕੀਆਂ ਦੀ ਗਲੇਜ਼ਿੰਗ** | ਜਦੋਂ ਤੁਸੀਂ ਮੌਸਮੀ ਸੀਲਿੰਗ ਉਤਪਾਦ ਲਗਾਉਂਦੇ ਹੋ ਤਾਂ $700 ਤੱਕ ਦੀ ਬੱਚਤ ਹੋ ਸਕਦੀ ਹੈ ਅਤੇ ਖਿੜਕੀਆਂ ਦੀ ਗਲੇਜ਼ਿੰਗ ਉਤਪਾਦਾਂ ਲਈ $210 ਤੱਕ ਦੀ ਬੱਚਤ ਹੋ ਸਕਦੀ ਹੈ | ਹਵਾ ਦੇ ਰਿਸਾਅ ਨੂੰ ਰੋਕ ਕੇ, ਤੁਸੀਂ ਸਰਦੀਆਂ ਵਿੱਚ ਹੋਣ ਵਾਲੇ 25% ਤਾਪ ਦੇ ਨੁਕਸਾਨ ਨੂੰ ਰੋਕ ਸਕਦੇ ਹੋ | • ਵਿਕਟੋਰੀਅਨ ਐਨਰਜੀ ਅੱਪਗ੍ਰੇਡ ਖਿੜਕੀਆਂ ਦੀ ਗਲੇਜ਼ਿੰਗ ਅਤੇ ਮੌਸਮੀ ਸੀਲਿੰਗ ਛੋਟਾਂ |

*ਬੱਚਤ ਦੇ ਅੰਕੜੇ ਅੰਦਾਜ਼ਨ ਹਨ ਅਤੇ ਔਸਤ ਘਰੇਲੂ ਊਰਜਾ ਵਰਤੋਂ 'ਤੇ ਆਧਾਰਿਤ ਹਨ।

## ਹੋਰ ਜਾਣੋ

Solar Victoria — solar.vic.gov.au — solar.vic.gov.au/community-languages

Victorian Energy Upgrades — energy.vic.gov.au/veu

Service Victoria — service.vic.gov.au

Victorian Energy Compare — compare.energy.vic.gov.au — compare.energy.vic.gov.au/languages

© ਵਿਕਟੋਰੀਆ ਰਾਜ ਦਾ ਊਰਜਾ, ਵਾਤਾਵਰਣ ਅਤੇ ਜਲਵਾਯੂ ਕਾਰਵਾਈ ਵਿਭਾਗ, ਅਪ੍ਰੈਲ 2026

**ISBN** 978-1-76176-451-6 **(ਪ੍ਰਿੰਟ)**
**ISBN** 978-1-76176-450-9 **(pdf/online/MS word)**

ਬੇਦਾਅਵਾ: ਇਹ ਪ੍ਰਕਾਸ਼ਨ ਤੁਹਾਡੇ ਲਈ ਮਦਦਗਾਰ ਹੋ ਸਕਦਾ ਹੈ ਪਰ ਵਿਕਟੋਰੀਆ ਰਾਜ ਅਤੇ ਇਸਦੇ ਕਰਮਚਾਰੀ ਇਸ ਗੱਲ ਦੀ ਗਾਰੰਟੀ ਨਹੀਂ ਦਿੰਦੇ ਕਿ ਇਹ ਪ੍ਰਕਾਸ਼ਨ ਕਿਸੇ ਵੀ ਤਰ੍ਹਾਂ ਦੀ ਗ਼ਲਤੀ ਤੋਂ ਰਹਿਤ ਹੈ ਜਾਂ ਇਹ ਤੁਹਾਡੇ ਵਿਸ਼ੇਸ਼ ਉਦੇਸ਼ਾਂ ਲਈ ਪੂਰੀ ਤਰ੍ਹਾਂ ਢੁਕਵਾਂ ਹੈ ਅਤੇ ਇਸ ਲਈ ਇਸ ਪ੍ਰਕਾਸ਼ਨ ਵਿੱਚ ਕਿਸੇ ਵੀ ਜਾਣਕਾਰੀ 'ਤੇ ਭਰੋਸਾ ਕਰਨ ਨਾਲ ਪੈਦਾ ਹੋਣ ਵਾਲੀ ਕਿਸੇ ਵੀ ਗ਼ਲਤੀ, ਨੁਕਸਾਨ ਜਾਂ ਹੋਰ ਨਤੀਜੇ ਲਈ ਸਾਰੀ ਜ਼ਿੰਮੇਵਾਰੀ ਤੋਂ ਇਨਕਾਰ ਕਰਦੇ ਹਨ।

VICTORIA State Government

CS2378